# ਤੱਥ ਸ਼ੀਟ PEN01
# ਅਪਰਾਧ ਅਤੇ ਜ਼ੁਰਮਾਨੇ
## ਕਰਮਚਾਰੀ, ਵਾਲੰਟੀਅਰ, ਵਿਦਿਆਰਥੀ ਅਤੇ ਸਵੈ-ਰੁਜ਼ਗਾਰਕਰਤਾ

GOVERNMENT OF WESTERN AUSTRALIA

Working with Children Check

Punjabi | ਪੰਜਾਬੀ

*ਵਰਕਿੰਗ ਵਿਦ ਚਿਲਡਰਨ (ਸਕ੍ਰੀਨਿੰਗ) ਐਕਟ 2004* (ਇਸ ਕਾਨੂੰਨ) ਦੀ ਪਾਲਣਾ ਨਾ ਕਰਨ ਲਈ ਕਈ ਤਰ੍ਹਾਂ ਦੇ ਜ਼ੁਰਮਾਨੇ ਲਾਗੂ ਹੁੰਦੇ ਹਨ। ਇਹ ਤੱਥ-ਪੱਤਰ ਉਹਨਾਂ ਅਪਰਾਧਾਂ ਅਤੇ ਜ਼ੁਰਮਾਨਿਆਂ ਦਾ ਸਾਰ ਪ੍ਰਦਾਨ ਕਰਦਾ ਹੈ ਜੋ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਲੱਗੇ ਕਰਮਚਾਰੀਆਂ, **ਵਾਲੰਟੀਅਰਾਂ**, **ਵਿਦਿਆਰਥੀਆਂ** ਅਤੇ ਸਵੈ-ਰੁਜ਼ਗਾਰ ਵਾਲੇ ਲੋਕਾਂ 'ਤੇ ਲਾਗੂ ਹੁੰਦੇ ਹਨ। ਅਪਰਾਧਾਂ ਦੀ ਸਟੀਕ ਸ਼ਬਦਾਵਲੀ ਲਈ ਕਿਰਪਾ ਕਰਕੇ ਇਸ ਕਾਨੂੰਨ ਨੂੰ ਵੇਖੋ।

ਜੇਕਰ ਤੁਹਾਨੂੰ ਇਸ ਤੱਥ-ਪੱਤਰ ਵਿਚਲੀ ਜਾਣਕਾਰੀ ਦਾ ਅਨੁਵਾਦ ਜਾਂ ਵਿਆਖਿਆ ਕਰਨ ਵਿੱਚ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ 131 450 'ਤੇ ਟ੍ਰਾਂਸਲੇਟਿੰਗ ਐਂਡ ਇੰਟਰਪ੍ਰੇਟਿੰਗ ਸਰਵਿਸ (TIS ਨੈਸ਼ਨਲ) ਨੂੰ ਕਾਲ ਕਰੋ।

| ਇਹ ਕਰਨਾ ਇੱਕ ਅਪਰਾਧ ਹੈ: | ਦੰਡ ਅਤੇ ਹਵਾਲਾ |
|---|---|
| • ਮੌਜੂਦਾ ਵਰਕਿੰਗ ਵਿਦ ਚਿਲਡਰਨ (WWC) ਕਾਰਡ ਜਾਂ ਵਿਚਾਰ ਅਧੀਨ ਅਰਜ਼ੀ ਦੇ ਬਗ਼ੈਰ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਹੋਣਾ | $60,000 ਦਾ ਜ਼ੁਰਮਾਨਾ ਅਤੇ 5 ਸਾਲ ਦੀ ਕੈਦ।<br>ਧਾਰਾ 24। |
| • WWC ਸਕ੍ਰੀਨਿੰਗ ਯੂਨਿਟ ਵੱਲੋਂ ਤੁਹਾਨੂੰ WWC ਕਾਰਡ ਲਈ ਅਰਜ਼ੀ ਦੇਣ ਦੀ ਹਦਾਇਤ ਦੇਣ ਵਾਲੇ ਲਿਖਤੀ ਨੋਟਿਸ ਦੇ ਪ੍ਰਾਪਤ ਹੋਣ ਦੇ 10 ਦਿਨਾਂ ਦੇ ਅੰਦਰ-ਅੰਦਰ ਅਜਿਹਾ ਕਰਨ ਲਈ ਅਰਜ਼ੀ ਦੇਣ ਵਿੱਚ ਅਸਫ਼ਲ ਰਹਿਣਾ ਇੱਕ ਅਪਰਾਧ ਹੈ। | $1000 ਦਾ ਜ਼ੁਰਮਾਨਾ<br>ਧਾਰਾਵਾਂ 16(5) ਅਤੇ 17(4)। |
| • ਜੇਕਰ ਤੁਹਾਡੇ ਕੋਲ ਮੌਜੂਦਾ **ਅੰਤਰਿਮ ਨਕਾਰਾਤਮਕ ਨੋਟਿਸ** ਜਾਂ **ਨਕਾਰਾਤਮਕ ਨੋਟਿਸ** ਹੈ ਤਾਂ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਹੋਣਾ | $60,000 ਦਾ ਜ਼ੁਰਮਾਨਾ ਅਤੇ 5 ਸਾਲ ਦੀ ਕੈਦ।<br>ਧਾਰਾ 23। |
| • ਜੇਕਰ ਤੁਹਾਡੇ ਕੋਲ ਮੌਜੂਦਾ ਨਕਾਰਾਤਮਕ ਨੋਟਿਸ ਜਾਂ ਅੰਤਰਿਮ ਨਕਾਰਾਤਮਕ ਨੋਟਿਸ ਹੈ ਤਾਂ ਬਾਲ ਵਾਲੰਟੀਅਰ ਛੋਟਾਂ ਜਾਂ ਮਾਤਾ-ਪਿਤਾ ਦੀਆਂ ਵਾਲੰਟੀਅਰ ਛੋਟਾਂ ਤੱਕ ਪਹੁੰਚ ਕਰਨਾ | $60,000 ਦਾ ਜ਼ੁਰਮਾਨਾ ਅਤੇ 5 ਸਾਲ ਦੀ ਕੈਦ।<br>ਧਾਰਾ 23। |

| ਇਹ ਕਰਨਾ ਇੱਕ ਅਪਰਾਧ ਹੈ: | ਦੰਡ ਅਤੇ ਹਵਾਲਾ |
|---|---|
| • ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਹੋਣਾ ਜੇਕਰ:<br>○ ਤੁਹਾਡੇ ਕੋਲ ਮੌਜੂਦਾ WWC ਕਾਰਡ ਹੈ, ਪਰ ਤੁਸੀਂ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਨਹੀਂ ਹੋ ਅਤੇ<br>○ WWC ਕਾਰਡ ਜਾਰੀ ਕੀਤੇ ਜਾਣ ਤੋਂ ਬਾਅਦ ਤੁਹਾਡੇ ਅਪਰਾਧਿਕ ਰਿਕਾਰਡ ਵਿੱਚ **ਕਾਫ਼ੀ ਜ਼ਿਆਦਾ ਤਬਦੀਲੀ** ਆਈ ਹੈ<br>ਨਵੇਂ WWC ਕਾਰਡ ਲਈ ਦੁਬਾਰਾ ਅਰਜ਼ੀ ਦਿੱਤੇ ਬਿਨਾਂ | $60,000 ਦਾ ਜੁਰਮਾਨਾ ਅਤੇ 5 ਸਾਲ ਦੀ ਕੈਦ।<br>ਧਾਰਾ 31(2)। |
| • ਜੇਕਰ ਤੁਹਾਡੇ 'ਤੇ **ਕਲਾਸ 1 ਦੇ ਅਪਰਾਧ ਦਾ** ਦੋਸ਼ ਲੱਗਾ ਹੋਇਆ ਹੈ ਜਾਂ ਦੋਸ਼ੀ ਠਹਿਰਾਇਆ ਗਿਆ ਹੈ, ਬਾਲਗ ਵਜੋਂ ਕੀਤਾ ਹੈ, ਜਾਂ ਕਥਿਤ ਤੌਰ 'ਤੇ ਕੀਤਾ ਹੈ ਤਾਂ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਹੋਣਾ | $60,000 ਦਾ ਜੁਰਮਾਨਾ ਅਤੇ 5 ਸਾਲ ਦੀ ਕੈਦ।<br>ਧਾਰਾ 33। |
| • ਬਦਲਾਅ ਹੋਣ ਤੋਂ ਬਾਅਦ ਅਮਲੀ ਤੌਰ 'ਤੇ ਜਲਦੀ ਤੋਂ ਜਲਦੀ ਤੁਹਾਡੇ ਅਪਰਾਧਿਕ ਰਿਕਾਰਡ ਵਿੱਚ ਆਈ ਸੰਬੰਧਿਤ ਤਬਦੀਲੀ ਦਾ WWC ਸਕ੍ਰੀਨਿੰਗ ਯੂਨਿਟ ਨੂੰ ਲਿਖਤੀ ਨੋਟਿਸ ਪ੍ਰਦਾਨ ਕਰਨ ਵਿੱਚ ਅਸਫ਼ਲ ਰਹਿਣਾ।<br>ਇਹ ਲਾਗੂ ਹੁੰਦਾ ਹੈ, ਜੇਕਰ:<br>○ ਤੁਹਾਡੇ ਕੋਲ ਮੌਜੂਦਾ WWC ਕਾਰਡ ਹੈ<br>○ ਤੁਹਾਡੇ ਕੋਲ ਮੌਜੂਦਾ WWC ਕਾਰਡ ਹੈ, ਪਰ ਤੁਸੀਂ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਨਹੀਂ ਹੋ<br>○ ਤੁਹਾਡੀ WWC ਚੈੱਕ ਲਈ ਦਿੱਤੀ ਅਰਜ਼ੀ ਵਿਚਾਰ ਅਧੀਨ ਹੈ, ਜਾਂ<br>○ ਜੇਕਰ ਤੁਹਾਡੇ ਨਕਾਰਾਤਮਕ ਨੋਟਿਸ ਨੂੰ ਰੱਦ ਕਰਨ ਲਈ ਤੁਹਾਡੀ ਦਿੱਤੀ ਅਰਜ਼ੀ ਵਿਚਾਰ ਅਧੀਨ ਹੈ | $60,000 ਦਾ ਜੁਰਮਾਨਾ ਅਤੇ 5 ਸਾਲ ਦੀ ਕੈਦ।<br>ਧਾਰਾ 28(2), 29(1), 30 ਅਤੇ 31(4)। |
| • ਬਦਲਾਅ ਹੋਣ ਤੋਂ ਬਾਅਦ ਅਮਲੀ ਤੌਰ 'ਤੇ ਜਲਦੀ ਤੋਂ ਜਲਦੀ ਤੁਹਾਡੇ ਅਪਰਾਧਿਕ ਰਿਕਾਰਡ ਵਿੱਚ ਆਈ ਸੰਬੰਧਿਤ ਤਬਦੀਲੀ ਬਾਰੇ ਆਪਣੇ ਰੁਜ਼ਗਾਰਦਾਤਾ/ਵਾਲੰਟੀਅਰ ਸੰਸਥਾ/ **ਸਿੱਖਿਆ ਪ੍ਰਦਾਤਾ** ਨੂੰ ਲਿਖਤੀ ਨੋਟਿਸ ਪ੍ਰਦਾਨ ਕਰਨ ਵਿੱਚ ਅਸਫ਼ਲ ਰਹਿਣਾ<br>ਇਹ ਲਾਗੂ ਹੁੰਦਾ ਹੈ, ਜੇਕਰ:<br>○ ਤੁਸੀਂ ਇੱਕ WWC ਕਾਰਡ ਧਾਰਕ ਹੋ ਜਾਂ<br>○ ਤੁਹਾਡੀ WWC ਕਾਰਡ ਲਈ ਦਿੱਤੀ ਅਰਜ਼ੀ ਵਿਚਾਰ ਅਧੀਨ ਹੈ<br>ਜੇਕਰ ਤੁਸੀਂ ਸਵੈ-ਰੁਜ਼ਗਾਰ ਕਰਦੇ ਹੋ ਤਾਂ ਇਹ ਲਾਗੂ ਨਹੀਂ ਹੁੰਦਾ ਹੈ | $60,000 ਦਾ ਜੁਰਮਾਨਾ ਅਤੇ 5 ਸਾਲ ਦੀ ਕੈਦ।<br>ਧਾਰਾ 29(1) ਅਤੇ 32A। |

| ਇਹ ਕਰਨਾ ਇੱਕ ਅਪਰਾਧ ਹੈ: | ਦੰਡ ਅਤੇ ਹਵਾਲਾ |
|---|---|
| • ਬਦਲਾਅ ਹੋਣ ਤੋਂ ਬਾਅਦ ਅਮਲੀ ਤੌਰ 'ਤੇ ਜਲਦੀ ਤੋਂ ਜਲਦੀ ਤੁਹਾਡੇ ਅਪਰਾਧਿਕ ਰਿਕਾਰਡ ਵਿੱਚ ਆਈ ਸੰਬੰਧਿਤ ਤਬਦੀਲੀ ਬਾਰੇ ਆਪਣੇ ਰੁਜ਼ਗਾਰਦਾਤਾ/ਵਾਲੰਟੀਅਰ ਸੰਸਥਾ/ ਸਿੱਖਿਆ ਪ੍ਰਦਾਤਾ ਨੂੰ ਲਿਖਤੀ ਨੋਟਿਸ ਪ੍ਰਦਾਨ ਕਰਨ ਵਿੱਚ ਅਸਫ਼ਲ ਰਹਿਣਾ ਅਤੇ ਇਹ ਕਿ ਤੁਸੀਂ WWC ਕਾਰਡ ਲਈ ਦੁਬਾਰਾ ਅਰਜ਼ੀ ਦਿੱਤੀ ਹੈ।<br>ਇਹ ਲਾਗੂ ਹੁੰਦਾ ਹੈ, ਜੇਕਰ:<br>○ ਤੁਹਾਡੇ ਕੋਲ ਮੌਜੂਦਾ WWC ਕਾਰਡ ਹੈ, ਪਰ ਤੁਸੀਂ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਨਹੀਂ ਹੋ<br>○ ਤੁਹਾਡਾ WWC ਕਾਰਡ ਜਾਰੀ ਕੀਤੇ ਜਾਣ ਤੋਂ ਬਾਅਦ ਤੁਹਾਡੇ ਅਪਰਾਧਿਕ ਰਿਕਾਰਡ ਵਿੱਚ ਕਾਫ਼ੀ ਜ਼ਿਆਦਾ ਤਬਦੀਲੀ ਆਈ ਹੈ<br>○ ਤੁਸੀਂ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਦੁਬਾਰਾ ਸ਼ਾਮਲ ਹੋਣਾ ਚਾਹੁੰਦੇ ਹੋ ਅਤੇ<br>○ ਤੁਸੀਂ ਨਵੇਂ WWC ਕਾਰਡ ਲਈ ਦੁਬਾਰਾ ਅਰਜ਼ੀ ਦਿੱਤੀ ਹੈ | $60,000 ਦਾ ਜੁਰਮਾਨਾ ਅਤੇ 5 ਸਾਲ ਦੀ ਕੈਦ।<br>ਧਾਰਾ 31(3)। |
| • ਕਿਸੇ **ਅਧਿਕਾਰਤ ਅਧਿਕਾਰੀ** ਦੀਆਂ ਹਦਾਇਤਾਂ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹਿਣਾ। | $12,000 ਦਾ ਜੁਰਮਾਨਾ ਅਤੇ 12 ਮਹੀਨੇ ਦੀ ਕੈਦ।<br>ਧਾਰਾ 34Q। |
| • ਕਿਸੇ ਅਧਿਕਾਰਤ ਅਧਿਕਾਰੀ ਦੁਆਰਾ ਜ਼ਬਤ ਕੀਤੀ ਗਈ ਕਿਸੇ ਵੀ ਚੀਜ਼ ਵਿੱਚ ਦਖ਼ਲ ਦੇਣਾ ਜਾਂ ਸਰੋਕਾਰ ਰੱਖਣਾ | $12,000 ਦਾ ਜੁਰਮਾਨਾ ਅਤੇ 12 ਮਹੀਨੇ ਦੀ ਕੈਦ।<br>ਧਾਰਾ 34T(5)। |
| • ਇਨ੍ਹਾਂ ਨੂੰ ਗ਼ਲਤ ਜਾਂ ਗੁੰਮਰਾਹਕੁੰਨ ਜਾਣਕਾਰੀ ਦੇਣਾ:<br>○ ਤੁਹਾਡੇ ਮੌਜੂਦਾ ਜਾਂ ਪ੍ਰਸਤਾਵਿਤ ਰੁਜ਼ਗਾਰਦਾਤਾ/ਵਾਲੰਟੀਅਰ ਸੰਸਥਾ ਨੂੰ (ਜੋ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਹੈ)<br>○ ਤੁਹਾਡਾ ਸਿੱਖਿਆ ਪ੍ਰਦਾਤਾ<br>○ WWC ਸਕ੍ਰੀਨਿੰਗ ਯੂਨਿਟ ਜਾਂ<br>○ ਕੋਈ ਅਧਿਕਾਰਤ ਅਧਿਕਾਰੀ | $24,000 ਦਾ ਜੁਰਮਾਨਾ ਅਤੇ 2 ਸਾਲ ਦੀ ਕੈਦ।<br>ਧਾਰਾ 35। |
| • ਕਿਸੇ ਅਧਿਕਾਰਤ ਅਧਿਕਾਰੀ ਨੂੰ ਰੋਕਣਾ ਜਾਂ ਰੁਕਾਵਟ ਪਾਉਣਾ | $12,000 ਦਾ ਜੁਰਮਾਨਾ ਅਤੇ 12 ਮਹੀਨੇ ਦੀ ਕੈਦ।<br>ਧਾਰਾ 35A। |

| ਇਹ ਕਰਨਾ ਇੱਕ ਅਪਰਾਧ ਹੈ: | ਦੰਡ ਅਤੇ ਹਵਾਲਾ |
|---|---|
| • ਕਿਸੇ ਅਧਿਕਾਰਤ ਅਧਿਕਾਰੀ ਵਜੋਂ ਭੇਸ ਬਦਲਣਾ | $12 000 ਦਾ ਜੁਰਮਾਨਾ ਅਤੇ 12 ਮਹੀਨੇ ਦੀ ਕੈਦ। ਧਾਰਾ 35B। |
| • ਬਦਲਾਅ ਹੋਣ ਤੋਂ ਬਾਅਦ ਅਮਲੀ ਤੌਰ 'ਤੇ ਜਲਦੀ ਤੋਂ ਜਲਦੀ ਆਈ ਤਬਦੀਲੀ ਦੀ WWC ਸਕ੍ਰੀਨਿੰਗ ਯੂਨਿਟ ਨੂੰ ਸੂਚਨਾ ਦੇਣ ਵਿੱਚ ਅਸਫ਼ਲ ਰਹਿਣਾ (ਤੱਥ ਸ਼ੀਟ APP02: ਵੇਰਵਿਆਂ ਵਿੱਚ ਤਬਦੀਲੀ, ਵੇਰਵਿਆਂ ਨੂੰ ਅਪਡੇਟ ਕਰਨਾ ਵੇਖੋ) ਇਹ ਲਾਗੂ ਹੁੰਦਾ ਹੈ, ਜੇਕਰ:<br>○ ਤੁਹਾਡੇ ਕੋਲ ਮੌਜੂਦਾ WWC ਕਾਰਡ ਹੈ<br>○ ਤੁਹਾਡੀ WWC ਕਾਰਡ ਲਈ ਦਿੱਤੀ ਅਰਜ਼ੀ ਵਿਚਾਰ ਅਧੀਨ ਹੈ<br>○ ਜੇਕਰ ਤੁਹਾਡੇ ਨਕਾਰਾਤਮਕ ਨੋਟਿਸ ਨੂੰ ਰੱਦ ਕਰਨ ਲਈ ਤੁਹਾਡੀ ਦਿੱਤੀ ਅਰਜ਼ੀ ਵਿਚਾਰ ਅਧੀਨ ਹੈ<br>○ ਤੁਸੀਂ ਜਾਣਦੇ ਹੋ ਕਿ ਤੁਸੀਂ ਮੁੜ-ਮੁਲਾਂਕਣ ਦੇ ਅਧੀਨ ਹੋ ਜਾਂ<br>○ ਤੁਸੀਂ *ਵਰਕਿੰਗ ਵਿਦ ਚਿਲਡਰਨ (ਸਕ੍ਰੀਨਿੰਗ) ਰੈਗੂਲੇਸ਼ਨਜ਼ 2005* ਦੁਆਰਾ ਨਿਰਧਾਰਤ ਕਿਸੇ ਵੀ ਸਥਿਤੀ ਦੇ ਅਧੀਨ ਹੋ | $5000 ਦਾ ਜੁਰਮਾਨਾ।<br>ਧਾਰਾ 35C(2)। |
| • ਇਸ ਤੋਂ ਬਾਅਦ ਅਮਲੀ ਤੌਰ 'ਤੇ ਜਲਦੀ ਤੋਂ ਜਲਦੀ ਤੁਹਾਡਾ WWC ਕਾਰਡ ਵਾਪਸ ਕਰਨ ਵਿੱਚ ਅਸਫ਼ਲ ਰਹਿਣਾ:<br>○ ਤੁਹਾਡੇ 'ਤੇ ਕਲਾਸ 1 ਦੇ ਅਪਰਾਧ ਲਈ ਦੋਸ਼ ਲਗਾਏ ਜਾਣ ਜਾਂ ਦੋਸ਼ੀ ਠਹਿਰਾਏ ਜਾਣ, ਇੱਕ ਬਾਲਗ਼ ਵਜੋਂ ਕੀਤੇ ਗਏ ਜਾਂ ਕਥਿਤ ਤੌਰ 'ਤੇ ਕੀਤੇ ਗਏ<br>○ ਤੁਹਾਨੂੰ ਇੱਕ ਨਕਾਰਾਤਮਕ ਨੋਟਿਸ ਜਾਂ ਅੰਤਰਿਮ ਨਕਾਰਾਤਮਕ ਨੋਟਿਸ ਜਾਰੀ ਕੀਤੇ ਜਾਣ ਜਾਂ<br>○ ਤੁਹਾਡਾ WWC ਕਾਰਡ ਰੱਦ ਕੀਤੇ ਜਾਣ | $12,000 ਦਾ ਜੁਰਮਾਨਾ ਅਤੇ 12 ਮਹੀਨੇ ਦੀ ਕੈਦ।<br>ਧਾਰਾ 36। |

**ਮੋਟੇ ਅੱਖਰਾਂ ਵਾਲੇ** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au 'ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।